# ਆਕਾਸ਼ਵਾਣੀ ਜਲੰਧਰ

# ਪ੍ਰਦੇਸ਼ਿਕ ਖਬਰਾਂ ਪੰਜਾਬੀ

**13:10 pm**

**ਮਿਤੀ: 12-05-2025**

ਭਾਰਤੀ ਜਨਤਾ ਪਾਰਟੀ ਨੇ ਅੱਜ ਕਿਹਾ ਕਿ ਭਾਰਤ ਨੇ, ਆਪ੍ਰੇਸ਼ਨ ਸਿੰਦੂਰ ਰਾਹੀਂ ਦਹਿਸ਼ਤਗਰਦੀ ਖਿਲਾਫ ਲੜਾਈ ਵਿੱਚ ਪੂਰੀ ਦੁਨੀਆ ਨੂੰ ਇੱਕ ਫੈਸਲਾਕੁੰਨ ਸੁਨੇਹਾ ਦਿੱਤਾ ਏ । ਨਵੀਂ ਦਿੱਲੀ ਵਿੱਚ ਪਾਰਟੀ ਸਦਰਮੁਕਾਮ ਵਿਖੇ ਇੱਕ ਪ੍ਰੈਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ, ਪਾਰਟੀ ਦੇ ਬੁਲਾਰੇ ਸੰਬਿਤ ਪਾਤਰਾ ਨੇ ਕਿਹਾ, ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਪਾਕਿਸਤਾਨ ਨੂੰ ਅਲੱਗ-ਥਲੱਗ ਕਰਨ ਅਤੇ ਦਹਿਸ਼ਤਗਰਦੀ ਨਾਲ ਲੜਨ ਲਈ, ਸਹਿਮਤੀ ਬਣਾਉਣ ਵਾਸਤੇ 20 ਦੇਸ਼ਾਂ ਦੇ ਨੇਤਾਵਾਂ ਨਾਲ ਸਿੱਧੇ ਤੌਰ 'ਤੇ ਗੱਲਬਾਤ ਕੀਤੀ। ਉਨ੍ਹਾਂ ਕਿਹਾ, ਸਾਊਦੀ ਅਰਬ, ਸੰਯੁਕਤ ਅਰਬ ਅਮੀਰਾਤ , ਅਮਰੀਕਾ ਅਤੇ ਕਈ ਇਸਲਾਮੀ ਦੇਸ਼ਾਂ ਸਮੇਤ ਇਨ੍ਹਾਂ ਸਾਰੇ ਦੇਸ਼ਾਂ ਨੇ, ਭਾਰਤ ਦੇ ਰੁਖ਼ ਲਈ ਆਪਣਾ ਸਮਰਥਨ ਪ੍ਰਗਟ ਕੀਤਾ ਏ ।

---------------------------------------------------------------------

ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨਵੀਂ ਦਿੱਲੀ ਵਿਖੇ, ਆਪਣੇ ਨਿਵਾਸ ਸਥਾਨ 'ਤੇ ਇੱਕ ਉੱਚ-ਪੱਧਰੀ ਮੀਟਿੰਗ ਦੀ ਪ੍ਰਧਾਨਗੀ ਕਰ ਰਹੇ ਨੇ । ਰੱਖਿਆ ਮੰਤਰੀ ਰਾਜਨਾਥ ਸਿੰਘ, ਵਿਦੇਸ਼ ਮੰਤਰੀ ਐਸ. ਜੈਸ਼ੰਕਰ, ਰਾਸ਼ਟਰੀ ਸੁਰੱਖਿਆ ਸਲਾਹਕਾਰ ਅਜੀਤ ਡੋਭਾਲ, ਰੱਖਿਆ ਸਟਾਫ ਮੁਖੀ ਅਨਿਲ ਚੌਹਾਨ, ਤਿੰਨਾਂ ਹਥਿਆਰਬੰਦ ਸੈਨਾਵਾਂ ਦੇ ਮੁਖੀ ਅਤੇ ਹੋਰ ਸੀਨੀਅਰ ਅਧਿਕਾਰੀ ਮੀਟਿੰਗ ਵਿੱਚ ਮੌਜੂਦ ਨੇ । ਆਪਰੇਸ਼ਨ ਸਿੰਦੂਰ ਬਾਰੇ ਹੋਰ ਜਾਣਕਾਰੀਆਂ ਸਾਂਝੀਆਂ ਕਰਨ ਲਈ ਅੱਜ ਬਾਅਦ ਦੁਪਹਿਰ ਢਾਈ ਵਜੇ ਇਕ ਪ੍ਰੈਸ ਕਾਨਫਰਸ ਕੀਤੀ ਜਾ ਰਹੀ ਹੈ। ਜਿਸਨੂੰ ਤੁਸੀਂ ਆਕਾਸ਼ਵਾਣੀ ਅਤੇ ਦੂਰਦਰਸ਼ਨ ਕੇਂਦਰਾਂ ਸਮੇਤ ਹੋਰਨਾਂ ਚੈਨਲਾਂ ਤੇ ਵੇਖ ਸੁਣ ਸਕਦੇ ਹੋ।

---------------------------------------------------------------------

ਭਾਰਤ-ਪਾਕਿਸਤਾਨ ਦਰਮਿਆਨ ਟਕਰਾਅ ਦੇ ਮੱਦੇਨਜ਼ਰ ਪਿਛਲੇ ਦਿਨਾਂ ਤੋਂ ਚੱਲ ਰਹੀ ਗੋਲਾਬਾਰੀ ਕੱਲ ਰਾਤ ਨਹੀਂ ਹੋਈ, ਜਿਸ ਨਾਲ ਸਰਹੱਦੀ ਜ਼ਿਲਿਆਂ ਸਮੇਤ ਸੂਬੇ ਵਿਚ ਜਨਜੀਵਨ ਆਮ ਵਾਂਗ ਹੋ ਗਿਆ।

ਹਾਲਾਂਕਿ ਹਥਿਆਰਬੰਦ ਬਲਾਂ ਵਲੋਂ ਪੂਰੀ ਚੌਕਸੀ ਵਰਤੀ ਜਾ ਰਹੀ ਏ। ਇਸੇ ਦੌਰਾਨ ਫਾਜ਼ਿਲਕਾ ਤੇ ਗੁਰਦਾਸਪੁਰ ਸਮੇਤ ਕੁਝ ਸਰਹੱਦੀ ਜ਼ਿਲਿਆਂ ਨੂੰ ਛੱਡਕੇ ਬਾਕੀ ਥਾਵਾਂ 'ਤੇ ਅੱਜ ਸਕੂਲਾਂ ਸਮੇਤ ਸਾਰੀਆਂ ਸਿਖਿਆ ਸੰਸਥਾਵਾਂ ਖੋਲੀਆਂ ਗਈਆਂ ਨੇ। ਓਧਰ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਦੀਆਂ ਸਮੈਸਟਰ ਪ੍ਰੀਖਿਆਵਾਂ ਦੀ ਆਮ ਸਮਾਂ-ਸਾਰਣੀ 15 ਮਈ, ਤੋਂ ਸ਼ੁਰੂ ਹੋਵੇਗੀ। ਪ੍ਰੀਖਿਆ ਕੰਟਰੋਲਰ ਨੇ ਇਕ ਪ੍ਰੈਸ ਬਿਆਨ ਰਾਂਹੀਂ ਸੂਚਿਤ ਕੀਤਾ ਏ ਕਿ ਕੱਲ 13 ਅਤੇ 14 ਮਈ ਨੂੰ ਹੋਣ ਵਾਲੀਆਂ ਪ੍ਰੀਖਿਆਵਾਂ ਮੁਲਤਵੀ ਕਰ ਦਿੱਤੀਆਂ ਗਈਆਂ ਨੇ ਅਤੇ ਅਤੇ ਸੋਧੀਆਂ ਤਰੀਕਾਂ ਬਾਅਦ ਵਿੱਚ ਵੈੱਬਸਾਈਟ 'ਤੇ ਸਾਂਝੀਆਂ ਕੀਤੀਆਂ ਜਾਣਗੀਆਂ। ਵਿਦਿਆਰਥੀਆਂ ਨੂੰ ਤਬਦੀਲੀਆਂ ਸੰਬੰਧੀ ਨਿਯਮਿਤ ਤੌਰ 'ਤੇ ਵੈੱਬਸਾਈਟ ਦੀ ਜਾਂਚ ਕਰਨ ਦੀ ਸਲਾਹ ਦਿੱਤੀ ਗਈ ਏ।

-----------------------------------------------------------

ਰਾਸ਼ਟਰੀ ਜਾਂਚ ਏਜੰਸੀ-NIA) ਨੇ ਵਿਦੇਸ਼ੀ ਬੱਬਰ ਖਾਲਸਾ ਦਹਿਸ਼ਤਗਰਦਾਂ ਨਾਲ ਜੁੜੇ ਇੱਕ ਮੁੱਖ ਖਾਲਿਸਤਾਨੀ ਸੰਚਾਲਕ ਅਤੇ ਇੱਕ ਖਤਰਨਾਕ ਅਪਰਾਧੀ, ਹਰਵਿੰਦਰ ਸਿੰਘ ਸੰਧੂ, ਨੂੰ ਗ੍ਰਿਫਤਾਰ ਕੀਤਾ

ਏ, ਜੋ 2016 ਵਿੱਚ ਨਾਭਾ ਜੇਲ੍ਹ ਤੋਂ ਫਰਾਰ ਹੋ ਗਿਆ ਸੀ । NIA ਨੇ ਆਪਣੇ ਬਿਆਨ ਵਿੱਚ ਕਿਹਾ ਏ, ਕਿ ਇਹ ਸਫਲਤਾ ਉਦੋਂ ਮਿਲੀ ਜਦੋਂ NIA ਨੇ ਕਸ਼ਮੀਰ ਸਿੰਘ ਗਲ-ਵੱਡੀ ਨੂੰ ਬਿਹਾਰ ਦੇ ਮੋਤੀਹਾਰੀ ਤੋਂ ਖਾਲਿਸਤਾਨੀ ਦਹਿਸ਼ਤਗਰਦੀ ਸਾਜ਼ਿਸ਼ ਮਾਮਲੇ ਦੇ ਸਬੰਧ ਵਿੱਚ ਗ੍ਰਿਫਤਾਰ ਕੀਤਾ। ਇਸ ਵਿੱਚ ਕਿਹਾ ਗਿਆ ਏ ਕਿ ਨਾਭਾ ਜੇਲ੍ਹ ਤੋਂ ਫਰਾਰ ਹੋਣ ਤੋਂ ਬਾਅਦ, ਕਸ਼ਮੀਰ ਸਿੰਘ, ਰਿੰਦਾ ਸਮੇਤ ਨਾਮਜ਼ਦ ਖਾਲਿਸਤਾਨੀ ਦਹਿਸ਼ਤਗਰਦਾਂ ਨਾਲ ਸਰਗਰਮੀ ਨਾਲ ਜੁੜਿਆ ਹੋਇਆ ਸੀ। ਏਜੰਸੀ ਨੇ ਕਿਹਾ ਕਿ ਬੱਬਰ ਖਾਲਸਾ ਇੰਟਰਨੈਸ਼ਨਲ ਅਤੇ ਨੇਪਾਲ ਵਿੱਚ ਰਿੰਦਾ ਦਾ ਦਹਿਸ਼ਤਗਰਦ ਗਿਰੋਹ, ਕਸ਼ਮੀਰ ਸਿੰਘ, NIA ਮਾਮਲੇ ਵਿੱਚ ਐਲਾਨੇ ਗਏ ਅਪਰਾਧੀ ਸਨ । ਉਸਦੀ ਭੂਮਿਕਾ ਸਾਜ਼ਿਸ਼ ਵਿੱਚ ਸ਼ਮੂਲੀਅਤ, ਖਾਲਿਸਤਾਨੀ ਦਹਿਸ਼ਤਗਰਦਾਂ ਦੇ ਸਹਿਯੋਗੀਆਂ ਨੂੰ ਪਨਾਹ ਦੇਣ, ਆਵਾਜਾਈ ਦੀ ਸਹਾਇਤਾ ਅਤੇ ਦਹਿਸ਼ਤਗਰਦੀ ਲਈ ਰਕਮਾਂ ਜੁਟਾਉਣ ਨਾਲ ਸਬੰਧਤ ਏ । NIA ਨੇ 2022 ਵਿੱਚ ਖਾਲਿਸਤਾਨੀ ਸਮੂਹਾਂ ਅਤੇ ਸੰਗਠਿਤ ਅਪਰਾਧਿਕ ਸਿੰਡੀਕੇਟਾਂ ਵਿਚਕਾਰ ਗਠਜੋੜ ਦਾ ਪਰਦਾਫਾਸ਼ ਕਰਨ ਲਈ ਇੱਕ ਕਾਰਵਾਈ ਸ਼ੁਰੂ ਕੀਤੀ ਸੀ । ਕਸ਼ਮੀਰ ਸਿੰਘ ਦੀ

ਗ੍ਰਿਫ਼ਤਾਰੀ ਇਸੇ ਮੁਹਿੰਮ ਦਾ ਇੱਕ ਹਿੱਸਾ ਏ। ਜਾਂਚ ਤੋਂ ਪਤਾ ਲੱਗਾ ਏ ਕਿ ਬੀਕੇਆਈ, ਖਾਲਿਸਤਾਨ ਲਿਬਰੇਸ਼ਨ ਫੋਰਸ ਅਤੇ ਇੰਟਰਨੈਸ਼ਨਲ ਸਿੱਖ ਯੂਥ ਫੈਡਰੇਸ਼ਨ ਵਰਗੇ ਦਹਿਸ਼ਤਗਰਦ ਸਮੂਹ, ਭਾਰਤ ਵਿੱਚ ਹਮਲੇ ਕਰਨ ਲਈ ਸਰਹੱਦ ਪਾਰ ਹਥਿਆਰਾਂ, ਵਿਸਫੋਟਕਾਂ ਅਤੇ ਬੰਬਾਂ ਦੀ ਤਸਕਰੀ ਕਰ ਰਹੇ ਨੇ। ਇਸ ਨੈੱਟਵਰਕ ਵਿੱਚ ਕਸ਼ਮੀਰ ਸਿੰਘ ਦੀ ਭੂਮਿਕਾ ਨੂੰ ਦੇਖਦਿਆਂ, ਵਿਸ਼ੇਸ਼ NIA ਅਦਾਲਤ ਨੇ ਉਸਨੂੰ ਦੋਸ਼ੀ ਕਰਾਰ ਦਿੱਤਾ ਸੀ। ਉਹ ਕਈ ਗੈਰ-ਜ਼ਮਾਨਤੀ ਵਾਰੰਟਾਂ ਦੇ ਬਾਵਜੂਦ ਲਗਾਤਾਰ ਫਰਾਰ ਸੀ ਅਤੇ ਉਸ 'ਤੇ 10 ਲੱਖ ਰੁਪਏ ਦਾ ਇਨਾਮ ਐਲਾਨਿਆ ਗਿਆ ਸੀ।

----------------------------------------------------

ਅੱਜ ਬੁੱਧ ਪੂਰਨਿਮਾ ਮਨਾਈ ਜਾ ਰਹੀ ਏ। ਇਹ ਨਾ ਸਿਰਫ਼ ਗੌਤਮ ਬੁੱਧ ਦੇ ਜਨਮ ਦੇ ਦਿਨ ਨੂੰ ਦਰਸਾਉਂਦੀ ਏ, ਸਗੋਂ ਇਹ ਓਹ ਦਿਨ ਵੀ ਏ, ਜਦੋਂ ਉਨ੍ਹਾਂ ਨੇ ਬੋਧਗਯਾ ਵਿਖੇ ਮਹਾਬੋਧੀ ਰੁੱਖ ਹੇਠ ਨਿਰਵਾਣ ਪ੍ਰਾਪਤ ਕੀਤਾ ਸੀ। ਇਹ ਦਿਨ ਦੁਨੀਆ ਭਰ ਦੇ ਬੋਧੀਆਂ ਅਤੇ ਹਿੰਦੂਆਂ ਵਲੋਂ ਮਨਾਇਆ ਜਾਂਦਾ ਏ ਅਤੇ ਇਹ ਭਾਰਤ, ਨੇਪਾਲ, ਭੂਟਾਨ, ਬਰਮਾ, ਥਾਈਲੈਂਡ ਅਤੇ

ਸ਼੍ਰੀਲੰਕਾ ਵਰਗੇ ਦੇਸ਼ਾਂ ਵਿੱਚ ਇੱਕ ਪ੍ਰਮੁੱਖ ਤਿਉਹਾਰ ਏ। ਰਾਸ਼ਟਰਪਤੀ ਦ੍ਰੋਪਦੀ ਮੁਰਮੂ ਨੇ ਬੁੱਧ ਪੂਰਨਿਮਾ ਦੇ ਮੌਕੇ 'ਤੇ ਸਾਥੀ ਨਾਗਰਿਕਾਂ ਅਤੇ ਦੁਨੀਆ ਭਰ ਦੇ ਭਗਵਾਨ ਬੁੱਧ ਦੇ ਪੈਰੋਕਾਰਾਂ ਨੂੰ ਸ਼ੁਭਕਾਮਨਾਵਾਂ ਦਿੱਤੀਆਂ ਨੇ। ਆਪਣੇ ਸੰਦੇਸ਼ ਵਿੱਚ, ਰਾਸ਼ਟਰਪਤੀ ਨੇ ਕਿਹਾ ਕਿ ਦਇਆ ਦੇ ਰੂਪ, ਭਗਵਾਨ ਬੁੱਧ ਵਲੋਂ ਦਿੱਤਾ ਗਿਆ ਅਹਿੰਸਾ, ਪਿਆਰ ਅਤੇ ਦਿਆਲਤਾ ਦਾ ਅਮਰ ਸੰਦੇਸ਼ ਮਨੁੱਖਤਾ ਦੇ ਕਲਿਆਣ ਲਈ ਬੁਨਿਆਦੀ ਮੰਤਰ ਏ। ਉਨ੍ਹਾਂ ਕਿਹਾ ਕਿ ਉਨ੍ਹਾਂ ਦੇ ਆਦਰਸ਼- ਸਮਾਨਤਾ, ਸਦਭਾਵਨਾ ਅਤੇ ਸਮਾਜਿਕ ਨਿਆਂ ਦੇ ਸਦੀਵੀ ਮੁੱਲਾਂ ਵਿੱਚ ਸਾਡੇ ਵਿਸ਼ਵਾਸ ਨੂੰ ਮਜ਼ਬੂਤ ਕਰਦੇ ਨੇ।ਰਾਸ਼ਟਰਪਤੀ ਨੇ ਕਾਮਨਾ ਕੀਤੀ ਕਿ ਲੋਕ ਆਪਣੇ ਜੀਵਨ ਵਿੱਚ ਭਗਵਾਨ ਬੁੱਧ ਦੇ ਆਦਰਸ਼ਾਂ ਨੂੰ ਅਪਣਾਉਣ ਅਤੇ ਇੱਕ ਸ਼ਾਂਤੀਪੂਰਨ, ਸਦਭਾਵਨਾਪੂਰਨ ਅਤੇ ਵਿਕਸਤ ਰਾਸ਼ਟਰ ਦੇ ਨਿਰਮਾਣ ਵਿੱਚ ਯੋਗਦਾਨ ਪਾਉਣ। ਉਪ ਰਾਸ਼ਟਰਪਤੀ ਜਗਦੀਪ ਧਨਖੜ ਨੇ ਵੀ ਬੁੱਧ ਪੂਰਨਿਮਾ ਦੇ ਮੌਕੇ 'ਤੇ ਸਾਰੇ ਨਾਗਰਿਕਾਂ ਨੂੰ ਸ਼ੁਭਕਾਮਨਾਵਾਂ ਦਿੱਤੀਆਂ ਨੇ । ਆਪਣੇ ਸੰਦੇਸ਼ ਵਿੱਚ, ਉਪ ਰਾਸ਼ਟਰਪਤੀ ਨੇ ਕਿਹਾ ਕਿ ਇਹ ਪਵਿੱਤਰ ਦਿਨ ਭਗਵਾਨ ਬੁੱਧ ਦੇ ਜਨਮ, ਗਿਆਨ ਅਤੇ ਮਹਾ-ਪਰਿ-ਨਿਰਵਾਣ ਨੂੰ

ਦਰਸਾਉਂਦਾ ਏ । ਉਨ੍ਹਾਂ ਕਿਹਾ ਕਿ ਭਗਵਾਨ ਬੁੱਧ ਦਾ ਅਹਿੰਸਾ, ਦਿਆਲਤਾ ਅਤੇ ਮੱਧ ਮਾਰਗ ਦਾ ਸੰਦੇਸ਼ ਅੱਜ ਦੇ ਸੰਸਾਰ ਵਿੱਚ ਪਹਿਲਾਂ ਨਾਲੋਂ ਕਿਤੇ ਜ਼ਿਆਦਾ ਪ੍ਰਸੰਗਿਕ ਏ । ਉਪ-ਰਾਸ਼ਟਰਪਤੀ ਨੇ ਕਿਹਾ ਕਿ ਗੌਤਮ ਬੁੱਧ ਦੀਆਂ ਸਿੱਖਿਆਵਾਂ ਲੋਕਾਂ ਨੂੰ ਸਾਰਿਆਂ ਲਈ ਇੱਕ ਵਧੇਰੇ ਸ਼ਾਂਤੀਪੂਰਨ, ਦਿਆਲੂ ਅਤੇ ਸਦਭਾਵਨਾਪੂਰਨ ਸਮਾਜ ਬਣਾਉਣ ਵੱਲ ਰਹ ਦਿਖਾਉਂਦੀਆਂ ਨੇ । ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਬੁੱਧ ਪੂਰਨਿਮਾ ਦੇ ਸ਼ੁਭ ਮੌਕੇ 'ਤੇ ਸਾਰੇ ਨਾਗਰਿਕਾਂ ਨੂੰ ਵਧਾਈ ਦਿੱਤੀ ਏ । ਇੱਕ ਸੋਸ਼ਲ ਮੀਡੀਆ ਪੋਸਟ ਵਿੱਚ, ਉਨ੍ਹਾਂ ਕਿਹਾ ਕਿ ਭਗਵਾਨ ਬੁੱਧ ਦੇ ਸੱਚ, ਸਮਾਨਤਾ ਅਤੇ ਸਦਭਾਵਨਾ ਦੇ ਸਿਧਾਂਤਾਂ 'ਤੇ ਅਧਾਰਤ ਸੰਦੇਸ਼, ਮਨੁੱਖਤਾ ਲਈ ਮਾਰਗ-ਦਰਸ਼ਕ ਰਹੇ ਨੇ ।

-----------------------------------------------------------

ਭਗਤ ਕਬੀਰ ਜੀ ਦਾ 627ਵਾਂ ਪ੍ਰਗਟ ਦਿਵਸ ਕੱਲ ਸਤਿਗੁਰ ਕਬੀਰ ਸਾਹਿਬ ਧਾਮ ਭਰਤਗੜ ਵਿਖੇ ਸ਼ਰਧਾ ਭਾਵਨਾ ਨਾਲ ਮਨੀ ਗਿਆ । ਇਸ ਮੌਕੇ ਕੈਬਿਨਟ ਮੰਤਰੀ ਮੋਹਿੰਦਰ ਭਗਤ ਨੇ ਕਿਹਾ ਕਿ ਨੇ ਭਗਤ ਕਬੀਰ ਨੇ ਸਮੁੱਚੀ ਮਾਨਵਤਾਂ ਨੂੰ ਸਾਂਝੀਵਾਲਤਾ ਦਾ ਸੰਦੇਸ਼ ਦਿੱਤਾ । ਉਂਨਾਂ

ਜਾਤ ਪਾਤ, ਊਚ ਨੀਚ ਤੋ ਉੱਪਰ ਉੱਠ ਕੇ ਬਰਾਬਰੀ ਅਤੇ ਮਨੁੱਖਤਾ ਦੀ ਭਲਾਈ ਨੂੰ ਅਵਾਮ ਤੱਕ ਪਹੁੰਚਾਇਆ ਏ । ਭਗਤ ਕਬੀਰ ਜੀ ਨੇ ਆਪਣੀਆ ਲਿਖਤਾਂ ਨਾਲ ਭਗਤੀ ਲਹਿਰ ਉੱਤੇ ਬਹੁਤ ਪ੍ਰਭਾਵ ਪਾਇਆ ਏ , ਕਬੀਰ ਸਾਹਿਬ ਜੀ ਦਾ ਸਿੱਖ ਧਰਮ ਸਮੇਤ ਹੋਰ ਧਰਮਾਂ ਤੇ ਬਹੁਤ ਡੂੰਘਾ ਪ੍ਰਭਾਵ ਏ ।

---------------------------------------------------------------

ਵਿਰਾਟ ਕੋਹਲੀ ਨੇ ਟੈਸਟ ਕ੍ਰਿਕਟ ਤੋਂ ਸੰਨਿਆਸ ਲੈਣ ਦਾ ਐਲਾਨ ਕਰ ਦਿੱਤਾ ਏ । ਵਿਰਾਟ ਕੋਹਲੀ ਨੇ 14 ਸਾਲਾਂ ਦੇ ਟੈਸਟ ਕ੍ਰਿਕਟ ਤੋਂ ਸੰਨਿਆਸ ਲੈਣ ਦੀ ਖ਼ਬਰ, ਸੋਸ਼ਲ ਮੀਡੀਆ 'ਤੇ ਸਾਂਝੀ ਕੀਤੀ। ਵਿਰਾਟ ਕੋਹਲੀ ਦੇ ਇਸ ਐਲਾਨ ਦੇ ਨਾਲ, ਭਾਰਤੀ ਟੈਸਟ ਕ੍ਰਿਕਟ ਵਿੱਚ ਇੱਕ ਯੁੱਗ ਦਾ ਅੰਤ ਹੋ ਗਿਆ ਏ । ਵਿਰਾਟ ਕੋਹਲੀ ਨੇ 46.85 ਫੀਸਦੀ ਦੀ ਔਸਤ ਨਾਲ, 123 ਟੈਸਟ ਮੈਚਾਂ ਵਿੱਚ 9 ਹਜ਼ਾਰ 230 ਦੌੜਾਂ ਬਣਾਈਆਂ। ਵਿਰਾਟ ਕੋਹਲੀ ਸਚਿਨ ਤੇਂਦੁਲਕਰ, ਰਾਹੁਲ ਦ੍ਰਾਵਿੜ ਅਤੇ ਸੁਨੀਲ ਗਾਵਸਕਰ ਤੋਂ ਬਾਅਦ ਭਾਰਤ ਲਈ, ਚੌਥੇ ਸਭ ਤੋਂ ਵੱਧ ਦੌੜਾਂ ਬਣਾਉਣ ਵਾਲੇ ਬੱਲੇਬਾਜ਼ ਨੇ । ਵਿਰਾਟ ਕੋਹਲੀ ਨੇ ਰਿਕਾਰਡ 68 ਟੈਸਟ

ਮੈਚਾਂ ਵਿੱਚ ਭਾਰਤ ਦੀ ਕਪਤਾਨੀ ਕੀਤੀ। 2024 ਵਿੱਚ ਟਵੈਂਟੀ-ਟਵੈਂਟੀ ਵਿਸ਼ਵ ਕੱਪ ਵਿੱਚ ਭਾਰਤ ਦੀ ਜਿੱਤ ਤੋਂ ਬਾਅਦ, ਵਿਰਾਟ ਕੋਹਲੀ ਪਹਿਲਾਂ ਹੀ T-20 ਫਾਰਮੈਟ ਤੋਂ ਸੰਨਿਆਸ ਲੈ ਚੁੱਕੇ ਨੇ । ਵਿਰਾਟ ਨੇ ਇਹ ਫੈਸਲਾ ਰੋਹਿਤ ਸ਼ਰਮਾ ਦੇ ਟੈਸਟ ਕ੍ਰਿਕਟ ਤੋਂ ਸੰਨਿਆਸ ਲੈਣ ਦੇ ਐਲਾਨ ਤੋਂ ਕੁਝ ਦਿਨ ਬਾਅਦ ਲਿਆ ਏ ।

---------------------------------------------------------------

**ਇਸਦੇ ਨਾਲ ਹੀ ਪ੍ਰਾਦੇਸ਼ਿਕ ਖਬਰਾਂ ਖ਼ਤਮ ਹੋਈਆਂ ਨਮਸਕਾਰ !**